# ਬੀ.ਏ. ਭਾਗ-1, ਸਮੈਸਟਰ-1, ਪੰਜਾਬੀ ਲਾਜ਼ਮੀ

## ਲੇਖ-ਰਚਨਾ

**ਲੇਖਾਂ ਦੀਆਂ ਕਿਸਮਾਂ-**

1. **ਬਿਰਤਾਂਤਕ ਲੇਖ** (Narrative Essay)- ਇਹਨਾਂ ਵਿਚ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਹੁੰਦੀਆਂ ਹਨ। ਇਹਨਾਂ ਵਿਚ ਸਬੰਧਿਤ ਵਿਅਕਤੀ ਦੇ ਜੀਵਨ ਨਾਲ ਸੰਬੰਧਿਤ ਮੁੱਖ-ਮੁੱਖ ਘਟਨਾਵਾਂ ਨੂੰ ਤਰਤੀਬ ਅਨੁਸਾਰ ਅਤੇ ਜੇ ਹੋ ਸਕੇ ਤਾਂ ਸਹੀ ਤਾਰੀਖ ਅਤੇ ਸੰਨ ਅਨੁਸਾਰ ਪੇਸ਼ ਕੀਤਾ ਜਾਂਦਾ ਹੈ। ਮਹਾਂ ਪੁਰਸ਼ਾਂ ਦੀ ਜ਼ਿੰਦਗੀ ਦੇ ਮੁੱਖ-ਮੁੱਖ ਅਸੂਲਾਂ, ਸਿੱਖਿਆਵਾਂ ਉੱਤੇ ਚਾਨਣਾ ਪਾਇਆ ਜਾਂਦਾ ਹੈ। ਰਾਜਨੀਤਕ ਨੇਤਾ ਦਾ ਦੇਸ਼ ਦੇ ਰਾਜਨੀਤਕ ਖੇਤਰ ਵਿਚ ਸਥਾਨ ਦੱਸਣਾ ਜ਼ਰੂਰੀ ਹੈ।
2. **ਵਰਣਨੀ ਲੇਖ-** ਅਜਿਹੇ ਲੇਖਾਂ ਵਿਚ ਕਿਸੇ ਅੱਖੀਂ ਡਿੱਠੀ ਘਟਨਾ, ਇਤਿਹਾਸਕ ਸਥਾਨ ਜਾਂ ਤੀਰਥ ਸਥਾਨ ਦੀ ਯਾਤਰਾ, ਮੇਲਿਆਂ, ਖੇਡਾਂ ਦੇ ਮੁਕਾਬਲੇ, ਕੁਦਰਤੀ ਨਜਾਰਿਆਂ –ਪਹਾੜਾਂ, ਜੰਗਲਾਂ ਦਰਿਆਵਾਂ, ਰੇਗਿਸਤਾਨ ਆਦਿ ਬਾਰੇ ਵਰਣਨ ਕੀਤਾ ਹੁੰਦਾ ਹੈ। ਇਸ ਵਿਚ ਜੋ ਦੇਖਿਆ ਹੁੰਦਾ ਹੈ ਉਸੇ ਦਾ ਹੀ ਵਰਣਨ ਕਰਨਾ ਹੁੰਦਾ ਹੈ।
3. **ਵਿਚਾਰ-ਪ੍ਰਧਾਨ ਲੇਖ-** ਜਿਨ੍ਹਾਂ ਵਿਚ ਵਿਸ਼ੇ ਜਾਂ ਵਿਚਾਰ ਸਬੰਧੀ ਦਲੀਲਾਂ ਸਮੇਤ ਆਪਣੇ ਵਿਚਾਰ ਪੇਸ਼ ਕੀਤੇ ਜਾਣ। ਦਾਜ ਦੀ ਸਮੱਸਿਆ, ਫ਼ੈਸ਼ਨ, ਸਾਡਾ ਇਮਤਿਹਾਨੀ ਢਾਂਚਾ, ਸਮਾਜਿਕ ਬੁਰਾਈਆਂ ਆਦਿ। ਦੋਹਾਂ ਪੱਖਾਂ ਨੂੰ ਧਿਆਨ ਵਿਚ ਰਖਦੇ ਹੋਏ ਅੰਤ ਵਿਚ ਕੋਈ ਨਿਰਣਾ ਦੇਣ ਤੋਂ ਪਹਿਲਾਂ ਦੋਹਾਂ ਪੱਖਾਂ ਨੂੰ ਸੰਖੇਪ ਰੂਪ ਵਿਚ ਪ੍ਰਗਟਾਉਂਦੇ ਹੋਏ, ਹੱਕ ਅਤੇ ਵਿਰੋਧ ਵਿਚ ਜਾਂ ਕੋਈ ਸਾਂਝੀ ਜਿਹੀ ਗੱਲ ਕਰ ਦੇਣੀ ਚਾਹੀਦੀ ਹੈ।
4. **ਕਾਲਪਨਿਕ ਲੇਖ-** ਕਲਪਨਾ ਤੋਂ ਕੰਮ ਲਿਆ ਜਾਂਦਾ ਹੈ। ਜੇ ਮੈਂ ਪ੍ਰਧਾਨ ਮੰਤਰੀ ਹੁੰਦਾ, ਜੇ ਮੇਰੀ ਲਾਟਰੀ ਨਿਕਲ ਆਵੇ ਆਦਿ।

**ਲੇਖ ਦਾ ਅਕਾਰ-** ਲੇਖ ਦਾ ਅਕਾਰ ਵਿਦਿਆਰਥੀ ਦੀ ਸ਼੍ਰੇਣੀ, ਪਰਚੇ ਵਿਚ ਲੇਖ ਦੇ ਨੰਬਰਾਂ ਅਤੇ ਲੇਖ ਦੇ ਵਿਸ਼ੇ ਤੇ ਨਿਰਭਰ ਕਰਦਾ ਹੈ। ਗਰੈਜੂਏਟ ਪੱਧਰ ਦੇ ਵਿਦਿਆਰਥੀਆਂ ਤੋਂ 5-6 ਪੰਨਿਆਂ ਦੇ ਲੇਖ ਦੀ ਮੰਗ ਕੀਤੀ ਜਾਂਦੀ ਹੈ।

**ਡਾ. ਹਰਜਿੰਦਰ ਸਿੰਘ**

**ਮੁਖੀ, ਪੰਜਾਬੀ ਵਿਭਾਗ,**

**ਅਕਾਲ ਡਿਗਰੀ ਕਾਲਜ, ਮਸਤੂਆਣਾ ਸਾਹਿਬ।**